# Telephone conversation between President of India and President of Turkmenistan

October 15, 2020

## ਭਾਰਤ ਅਤੇ ਤੁਰਕਮੇਨਿਸਤਾਨ ਦੇ ਰਾਸ਼ਟਰਪਤੀ ਦਰਮਿਆਨ ਹੋਈ ਟੈਲੀਫੋਨ 'ਤੇ ਗੱਲਬਾਤ

15 ਅਕਤੂਬਰ, 2020

ਤੁਰਕਮੇਨੀਸਤਾਨ ਦੇ ਰਾਸ਼ਟਰਪਤੀ ਮਹਾਮਹਿਮ ਸ਼੍ਰੀ ਗੁਰਬਾਂਗੁਲੀ ਬਰਡੀਮਹੁਮਦੋਵ ਨੇ ਭਾਰਤ ਦੇ ਰਾਸ਼ਟਰਪਤੀ ਸ਼੍ਰੀ ਰਾਮ ਨਾਥ ਕੋਵਿੰਦ ਨਾਲ ਅੱਜ (15 ਅਕਤੂਬਰ, 2020) ਟੈਲੀਫੋਨ 'ਤੇ ਗੱਲਬਾਤ ਕੀਤੀ।

ਦੋਨਾਂ ਆਗੂਆਂ ਨੇ ਇਤਿਹਾਸਕ ਅਤੇ ਸਭਿਅਕ ਸੰਬੰਧਾਂ 'ਤੇ ਅਧਾਰਤ ਦੋਵਾਂ ਦੇਸ਼ਾਂ ਦੇ ਨਿੱਘੇ ਅਤੇ ਸੁਹਿਰਦ ਸਬੰਧਾਂ ਦੀ ਤਸਦੀਕ ਕੀਤੀ। ਉਨ੍ਹਾਂ ਨੇ ਵੱਖ ਵੱਖ ਖੇਤਰਾਂ ਵਿੱਚ ਭਾਈਵਾਲੀ ਦੀ ਲਗਾਤਾਰ ਚਲ ਰਹੀ ਰਫਤਾਰ 'ਤੇ ਤੱਸਲੀ ਪ੍ਰਗਟ ਕੀਤੀ।

ਦੋਵਾਂ ਆਗੂਆਂ ਨੇ ਵਪਾਰਕ ਅਤੇ ਆਰਥਿਕ ਖੇਤਰਾਂ ਵਿੱਚ ਮੌਜੂਦ ਅਥਾਹ ਸੰਭਾਵਨਾਵਾਂ ਉੱਤੇ ਸਹਿਮਤੀ ਪ੍ਰਗਟਾਈ ਅਤੇ ਭਾਰਤੀ ਅਤੇ ਤੁਰਕਮੇਨੀਸਤਾਨੀ  ਕੰਪਨੀਆਂ ਦਰਮਿਆਨ, ਖਾਸ ਤੌਰ  ’ਤੇ ਫਾਰਮਾਸਿਉਟਿਕਲ ਖੇਤਰ ਅੰਦਰ, ਵਿੱਚ ਸਾਂਝੇ ਸਹਿਯੋਗ ਦੀ ਕਾਮਯਾਬੀ ਦਾ ਜ਼ਿਕਰ ਕੀਤਾ।

ਰਾਸ਼ਟਰਪਤੀ ਨੇ ਤੁਰਕਮਿਨੀਸਤਾਨ ਦੇ ਰਾਸ਼ਟਰਪਤੀ ਨੂੰ ਉਨ੍ਹਾਂ ਦੀ ਟੈਲੀਫੋਨ ਕਾਲ ਅਤੇ ਭਾਰਤ ਨਾਲ ਦੁਵੱਲੇ ਸਬੰਧਾਂ ਨੂੰ ਮਜ਼ਬੂਤ ਕਰਨ ਪ੍ਰਤੀ ਉਨ੍ਹਾਂ ਦੀ ਨਿੱਜੀ ਵਚਨਬੱਧਤਾ ਲਈ ਧੰਨਵਾਦ ਕੀਤਾ।

ਨਵੀਂ ਦਿਲੀ
15 ਅਕਤੂਬਰ, 2020

DISCLAIMER: This is an approximate translation. The original is available in English on MEA’s website and may be referred to as the official press release.